Vancouver CoastalHealth
Promoting wellness. Ensuring care.

# ਹਿਕਮੈਨ ਲਾਈਨ (ਲੰਮੀ) ਨਾਲੀ ਦੀ ਆਪ ਸੰਭਾਲ ਕਰਨ ਲਈ ਹਿਦਾਇਤਾਂ

## Self-Care Instructions for Hickman Line Catheter

[Punjabi]

BC Cancer Agency
CARE & RESEARCH

ਅਤ


Vancouver General Hospital
899 West 12th Avenue
Vancouver BC V5Z 1M9
Tel: 604-875-4111

# ਮਾਨਤਾ

ਅਸੀਂ ਡਾਵੋਲ, ਇੰਕ., ਸੀ.ਆਰ. ਬਾਰਡ ਇੰਕ. ਦੀ ਸਹਾਇਕ ਕੰਪਨੀ ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਸਾਨੂੰ ਆਪਣੇ ਕਿਤਾਬਚੇ, ਪੇਸ਼ੈਂਟ ਗਾਈਡ – *ਹਾਓ ਟੂ ਕੇਅਰ ਫਾਰ ਯੂਅਰ ਹਿਕਮੈਨ ਔਰ ਬਰੌਵੀਆਕ ਕਥੀਟਰ* ਦੀ ਹਵਾਲਾ ਪੁਸਤਕ ਦੇ ਤੌਰ ਤੇ ਵਰਤੋਂ ਕਰਨ ਦਿੱਤੀ ਹੈ।

# ਜ਼ਰੂਰੀ ਫੋਨ ਨੰਬਰ

| | |
|---|---|
| ਹਸਪਤਾਲ: | |
| ਡੇਅਰਕੇਅਰ/ਆਊਟਪੇਸ਼ੈਂਟ ਕਲਿਨਿਕ: | |
| ਇਨਪੇਸ਼ੈਂਟ ਨਰਸਿੰਗ ਯੂਨਿਟ: | |
| ਡਾਕਟਰ: | |
| ਨਾਲੀਆਂ ਦੀ ਸਪਲਾਈ:<br>*(ਇਨ੍ਹਾਂ ਨੂੰ ਕਿੱਥੋਂ ਲੈਣਾ ਹੈ)* | |
| | |
| | |
| | |
| | |
| | |

# ਵਿਸ਼ੇ-ਸੂਚੀ


ਭੂਮਿਕਾ ____ 7

ਹਿੱਕਮੈਨ ਨਾਲੀ ਕੀ ਹੈ? ____ 8

ਨਾਲੀ ਕਿਸ ਕੰਮ ਲਈ ਵਰਤੀ ਜਾਂਦੀ ਹੈ? ____ 8

ਨਾਲੀ ਕਿਵੇਂ ਚਾੜ੍ਹੀ ਜਾਂਦੀ ਹੈ? ____ 9

ਨਾਲੀ ਚਾੜ੍ਹਨ ਤੋਂ ਬਾਅਦ ਕੀ ਹੁੰਦਾ ਹੈ? ____ 10

ਨਾਲੀ ਦੀ ਨੇਮ ਨਾਲ ਸੰਭਾਲ ____ 11

ਸੰਭਵ ਸਮੱਸਿਆਵਾਂ ____ 12

ਹੋਰ ਮਰੀਜ਼ਾਂ ਵਲੋਂ ਪੁੱਛੇ ਗਏ ਕੁਝ ਆਮ ਸਵਾਲ ____ 18

ਸ਼ਬਦਾਵਲੀ ____ 22

# ਭੂਮਿਕਾ

ਤੁਹਾਡੇ ਡਾਕਟਰ ਨੇ ਤੁਹਾਡੇ ਇਲਾਜ ਨੂੰ ਆਧਾਰ ਬਣਾ ਕੇ ਤੁਹਾਡੇ ਲਈ ਹਿਕਮੈਨ ਲਾਈਨ ਨਾਲੀ ਦੀ ਚੋਣ ਕੀਤੀ ਹੈ। ਨਾਲੀ ਕਿਉਂਕਿ ਲੰਮੇ ਸਮੇਂ ਲਈ ਰੱਖੀ ਜਾ ਸਕਦੀ ਹੈ (ਹਫਤਿਆਂ, ਮਹੀਨਿਆਂ ਜਾਂ ਸਾਲਾਂ ਤੱਕ), ਇਸ ਕਰਕੇ ਇਹ ਜ਼ਰੂਰੀ ਹੈ ਕਿ ਤੁਹਾਨੂੰ ਇਹ ਪਤਾ ਹੋਵੇ ਕਿ ਇਹ ਕੀ ਹੈ ਅਤੇ ਇਸ ਦੀ ਸੰਭਾਲ ਕਿਵੇਂ ਕਰਨੀ ਹੈ।

ਮਰੀਜ਼ ਜਾਂ ਸਹਾਇਤਾ ਕਰਨ ਵਾਲੇ ਵਜੋਂ, ਤੁਹਾਨੂੰ ਇਸ ਸਬੰਧੀ ਆਪਣੀ ਨਰਸ ਤੋਂ ਨਿੱਜੀ ਹਿਦਾਇਤਾਂ ਮਿਲਣਗੀਆਂ ਕਿ ਨਾਲੀ ਦੀ ਸੰਭਾਲ ਕਿਵੇਂ ਕਰਨੀ ਹੈ। ਇਸ ਕਿਤਾਬਚੀ ਦਾ ਮਕਸਦ ਹਵਾਲਾ ਦੇਣ ਲਈ ਪੁਸਤਕ ਬਣਨਾ ਹੈ ਅਤੇ ਇਸ ਦੀ ਵਰਤੋਂ ਸਿਖਿਆ ਦੇਣ ਅਤੇ ਪਿੱਛੋਂ ਸੰਭਾਲ ਦੌਰਾਨ ਕੀਤੀ ਜਾ ਸਕਦੀ ਹੈ।

ਤੁਹਾਨੂੰ ਸਿਖਿਆ ਦੇਣ ਵਾਲੀਆਂ ਤਸਵੀਰਾਂ ਸਮੇਤ ਸ਼ੀਟਾਂ ਵੀ ਦਿੱਤੀਆਂ ਜਾਣਗੀਆਂ ਜਿਹੜੀਆਂ ਨਾਲੀ ਦੀ ਸੰਭਾਲ ਦੇ ਕਦਮਾਂ ਬਾਰੇ ਦਿਖਾਉਂਦੀਆਂ ਹਨ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਜਾਂ ਸਹਾਇਤਾ ਕਰਨ ਵਾਲਾ ਵਿਅਕਤੀ, ਨਾਲੀ ਦੀ ਸੰਭਾਲ ਕਰਨ ਲਈ ਆਰਾਮਦੇਹ ਮਹਿਸੂਸ ਕਰੋ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

# ਹਿੱਕਮੈਨ ਨਾਲੀ ਕੀ ਹੈ?

ਨਾਲੀ ਇਕ ਖਾਲੀ ਲਚਕੀਲੀ ਟਿਊਬ ਹੈ ਜੋ ਕਿ ਨਰਮ ਰਬੜ ਵਰਗੀ ਚੀਜ਼ ਤੋਂ ਬਣੀ ਹੁੰਦੀ ਹੈ। ਇਸ ਨਾਲੀ ਦੇ ਅੰਤ ਤੇ ਇਕ, ਦੋ, ਜਾਂ ਤਿੰਨ ਮੂੰਹ (ਲੂਮਨਜ਼) ਹੋ ਸਕਦੇ ਹਨ।




**ਖਾਕਾ** 1

# ਨਾਲੀ ਕਿਸੇ ਕੰਮ ਲਈ ਵਰਤੀ ਜਾਂਦੀ ਹੈ?

ਨਾਲੀ ਇਨ੍ਹਾਂ ਚੀਜ਼ਾਂ ਲਈ ਵਰਤੀ ਜਾ ਸਕਦੀ ਹੈ:

1. ਤੁਹਾਨੂੰ ਦਵਾਈਆਂ, ਖ਼ੂਨ ਅਤੇ/ਜਾਂ ਖਾਣਾ ਦੇਣ ਲਈ।
2. ਟੈੱਸਟਾਂ ਲਈ ਖ਼ੂਨ ਦੇ ਨਮੂਨੇ ਲੈਣ ਲਈ।

# ਨਾਲੀ ਕਿਵੇਂ ਚਾੜ੍ਹੀ ਜਾਂਦੀ ਹੈ?

ਇਕ ਖਾਸ ਡਾਕਟਰ (ਸਰਜਨ ਜਾਂ ਰੇਡਿਓਲੋਜਿਸਟ) ਤੁਹਾਡੀ ਨਾਲੀ ਚਾੜ੍ਹੇਗਾ। ਤੁਸੀਂ ਇਹ ਲਵਾਉਣ ਲਈ ਓਪਰੇਟਿੰਗ ਰੂਮ ਜਾਂ ਪ੍ਰੋਸੀਜ਼ਰ ਰੂਮ ਵਿਚ ਜਾਵੋਗੇ। ਤੁਹਾਨੂੰ ਸੁਲਾ ਕੇ ਜਾਂ ਉਸ ਥਾਂ ਨੂੰ ਸੁੰਨ ਕਰਕੇ ਇਹ ਨਾਲੀ ਚਾੜ੍ਹੀ ਜਾਵੇਗੀ।

ਦੋ ਚੀਰੇ ਦਿੱਤੇ ਜਾਂਦੇ ਹਨ। ਇਕ ਚੀਰਾ ਤੁਹਾਡੀ ਛਾਤੀ ਦੇ ਉਪਰਲੇ ਹਿੱਸੇ ਜਾਂ ਧੌਣ ਤੇ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਇੰਟਰੈਂਸ ਸਾਈਟ (ਏ) ਕਿਹਾ ਜਾਂਦਾ ਹੈ। ਇਹ ਉਹ ਥਾਂ ਹੈ ਜਿੱਥੇ ਨਾਲੀ ਨਾੜ ਵਿਚ ਪਾਈ ਜਾਂਦੀ ਹੈ। ਨਾਲੀ ਦੇ ਆਖਰੀ ਸਿਰੇ ਨੂੰ ਦਿਲ ਦੇ ਸੱਜੇ ਏਟਰੀਅਮ ਵਿਚ ਰੱਖਿਆ ਜਾਂਦਾ ਹੈ। ਇਕ ਹੋਰ ਚੀਰਾ ਤੁਹਾਡੀ ਛਾਤੀ ਦੇ ਹੇਠਲੇ ਪਾਸੇ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਇਗਜ਼ਿਟ ਸਾਈਟ (ਬੀ) ਕਿਹਾ ਜਾਂਦਾ ਹੈ। ਇਹ ਉਹ ਥਾਂ ਹੈ ਜਿੱਥੋਂ ਨਾਲੀ ਤੁਹਾਡੀ ਛਾਤੀ ਦੇ ਹੇਠਲੇ ਪਾਸੇ ਬਾਹਰ ਨਿਕਲਦੀ ਹੈ।

ਤੁਹਾਡੀ ਚਮੜੀ ਦੇ ਹੇਠਲੇ ਪਾਸੇ ਅੰਦਰ ਜਾਣ ਵਾਲੀ ਥਾਂ (ਏ) ਤੋਂ ਲੈ ਕੇ ਬਾਹਰ ਆਉਣ ਵਾਲੀ ਥਾਂ (ਬੀ) ਤੱਕ ਇਕ ਰਾਹ ਬਣਾਇਆ ਜਾਂਦਾ ਹੈ। ਨਾਲੀ ਨੂੰ ਰਾਹ ਰਾਹੀਂ ਉਪਰ ਚਾੜ੍ਹਿਆ ਜਾਂਦਾ ਹੈ ਅਤੇ ਫਿਰ ਨਾੜ ਵਿਚ ਪਾਇਆ ਜਾਂਦਾ ਹੈ। (ਖਾਕਾ 2 ਅਤੇ 3 ਦੇਖੋ)




**ਖਾਕਾ** 2




**ਖਾਕਾ** 3

ਇਹ ਦੇਖਣ ਲਈ ਐਕਸਰੇ ਲਿਆ ਜਾਂਦਾ ਹੈ ਕਿ ਨਾਲੀ ਸਹੀ ਥਾਂ ਤੇ ਹੈ। ਚੀਰੇ ਤੇ ਟਾਂਕੇ ਲਾ ਦਿੱਤੇ ਜਾਂਦੇ ਹਨ ਅਤੇ ਪੱਟੀ ਲਾ ਦਿੱਤੀ ਜਾਂਦੀ ਹੈ। ਇਸ ਚੀਜ਼ ਨੂੰ ਮੁਕੰਮਲ ਕਰਨ ਲਈ ਤਕਰੀਬਨ ਇਕ ਘੰਟਾ ਲੱਗ ਜਾਂਦਾ ਹੈ।

# ਨਾਲੀ ਚਾੜ੍ਹਣ ਤੋਂ ਬਾਅਦ ਕੀ ਹੁੰਦਾ ਹੈ?

ਡਾਕਟਰ ਦਾ ਕੰਮ ਮੁੱਕ ਜਾਣ ਤੋਂ ਬਾਅਦ ਤੁਸੀਂ ਨਰਸਿੰਗ ਯੂਨਿਟ ਵਿਚ ਵਾਪਸ ਆਵੋਗੇ। ਜੇ ਤੁਹਾਡੇ ਟਾਂਕੇ ਲੱਗੇ ਹਨ ਤਾਂ ਉਹ 7-14 ਦਿਨਾਂ ਬਾਅਦ ਕੱਢ ਦਿੱਤੇ ਜਾਣਗੇ। ਕਦੇ ਕਦੇ ਡਾਕਟਰ ਅਜਿਹੇ ਟਾਂਕੇ ਲਾਉਂਦੇ ਹਨ ਜਿਹੜੇ ਤੁਹਾਡੇ ਸਰੀਰ ਵਿਚ ਘੁਲ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਾਹਰ ਕੱਢਣ ਦੀ ਲੋੜ ਨਹੀਂ ਹੁੰਦੀ।

ਸਰਜਰੀ ਤੋਂ ਫੌਰਨ ਬਾਅਦ ਥੋੜ੍ਹੀ ਜਿਹੀ ਬੇਆਰਾਮੀ ਦੀ ਆਸ ਰੱਖੀ ਜਾਂਦੀ ਹੈ। ਮਰੀਜ਼ ਇਸ ਬੇਆਰਾਮੀ ਨੂੰ "ਆਕੜੀ ਧੌਣ" ਜਾਂ "ਭੰਨੇ-ਟੁੱਟੇ ਮਹਿਸੂਸ ਕਰਨ" ਵਾਂਗ ਦੱਸਦੇ ਹਨ। ਇਹ ਬੇਆਰਾਮੀ ਆਮ ਤੌਰ ਤੇ 3 ਦਿਨਾਂ ਤੋਂ ਜ਼ਿਆਦਾ ਸਮਾਂ ਨਹੀਂ ਰਹਿੰਦੀ। ਦਰਦ ਦੀ ਦਵਾਈ ਮੰਗਣ ਤੇ ਮਿਲ ਸਕਦੀ ਹੈ।

ਨਾਲੀ ਦੀ ਵਰਤੋਂ ਇਸ ਨੂੰ ਚਾੜ੍ਹਣ ਦੇ ਫੌਰਨ ਬਾਅਦ ਕੀਤੀ ਜਾ ਸਕਦੀ ਹੈ। ਨਾਲੀ ਦੀ ਵਰਤੋਂ ਕਰਨ ਬਾਰੇ ਤੁਹਾਨੂੰ ਸਿਖਿਅਤ ਕਰਨ ਤੱਕ ਤੁਹਾਡੀ ਨਰਸ ਇਸ ਦੀ ਸੰਭਾਲ ਕਰੇਗੀ।

ਤੁਹਾਨੂੰ ਆਪਣੀ ਛਾਤੀ ਦੀ ਚਮੜੀ ਥੱਲੇ ਇਕ ਛੋਟੀ ਜਿਹੀ ਗੁੰਮੀ ਵੀ ਮਹਿਸੂਸ ਹੋ ਸਕਦੀ ਹੈ। ਇਸ ਨੂੰ ਡੈਕਰਨ ਕੱਫ ਕਿਹਾ ਜਾਂਦਾ ਹੈ ਜਿਹੜੀ ਨਾਲੀ ਨੂੰ ਫੜ ਕੇ ਰੱਖਦੀ ਹੈ। (ਖਾਕਾ 4 ਦੇਖੋ)। ਇਕ ਹੋਰ ਛੋਟਾ ਕੱਫ ਵੀ ਹੁੰਦਾ ਹੈ ਜਿਹੜਾ ਬੈਕਟੀਰੀਏ ਨੂੰ ਤੁਹਾਡੇ ਸਿਸਟਮ ਵਿਚ ਦਾਖਲ ਹੋਣ ਤੋਂ ਰੋਕਣ ਵਿਚ ਮਦਦ ਕਰਦਾ ਹੈ।




**ਖਾਕਾ** 4

# ਨਾਲੀ ਦੀ ਨੇਮ ਨਾਲ ਸੰਭਾਲ

ਜੇ ਤੁਸੀਂ ਨਾਲੀ ਨਾਲ ਘਰ ਜਾ ਰਹੇ ਹੋ ਤਾਂ ਤੁਹਾਨੂੰ ਅਤੇ/ਜਾਂ ਤੁਹਾਡੀ ਮਦਦ ਕਰਨ ਵਾਲੇ ਵਿਕਅਤੀ ਨੂੰ ਇਹ ਸਿਖਾਇਆ ਜਾਵੇਗਾ ਕਿ ਘਰ ਵਿਚ ਨਾਲੀ ਦੀ ਸੰਭਾਲ ਕਿਵੇਂ ਕਰਨੀ ਹੈ। ਨਾਲੀ ਨੂੰ ਸਾਫ ਅਤੇ ਕੰਮ ਕਰਦੀ ਰੱਖਣ ਲਈ ਇਸ ਦੀ ਨੇਮ ਨਾਲ ਸੰਭਾਲ ਕਰਨਾ ਜ਼ਰੂਰੀ ਹੈ।

ਨਰਸਿੰਗ ਸਟਾਫ ਤੁਹਾਡੀ ਇਹ ਸਿੱਖਣ ਵਿਚ ਮਦਦ ਕਰੇਗਾ:

1. ਪੱਟੀ ਕਿਵੇਂ ਬਦਲਣੀ ਹੈ।
2. ਨਾਲੀ ਨੂੰ ਸਾਫ ਕਿਵੇਂ ਕਰਨਾ ਹੈ।
3. ਢੱਕਣ ਕਿਵੇਂ ਬਦਲਣਾ ਹੈ।

ਸਿਖਿਆ ਦੇਣ ਵਾਲੀਆਂ ਤਸਵੀਰਾਂ ਸਮੇਤ ਸ਼ੀਟਾਂ ਤੁਹਾਨੂੰ ਘਰ ਲਿਜਾਣ ਲਈ ਦਿੱਤੀਆਂ ਜਾਣਗੀਆਂ।

# ਸੰਭਵ ਸਮੱਸਿਆਵਾਂ

## ਉਨ੍ਹਾਂ ਸੰਭਵ ਸਮੱਸਿਆਵਾਂ ਦੀ ਲਿਸਟ ਜਿਹੜੀਆਂ ਤੁਹਾਡੀ ਨਾਲੀ ਨਾਲ ਵਾਪਰ ਸਕਦੀਆਂ ਹਨ

| ਤੁਸੀਂ ਕੀ ਦੇਖੋਗੇ ਜਾਂ ਮਹਿਸੂਸ ਕਰੋਗੇ | ਸਮੱਸਿਆ | ਕੀ ਕਰਨਾ ਹੈ | ਇਸ ਤੋਂ ਕਿਵੇਂ ਬਚਣਾ ਹੈ |
|---|---|---|---|
| ਤੁਹਾਨੂੰ:<br>• ਬੁਖਾਰ ਹੋ ਸਕਦਾ ਹੈ ਜਾਂ ਪਾਲਾ ਲੱਗ ਸਕਦਾ ਹੈ<br>• 38 ਡਿਗਰੀ ਸੈਂਟੀਗਰੇਡ (101 ਡਿਗਰੀ ਫਰਨਹਾਈਟ) ਤੋਂ ਜ਼ਿਆਦਾ ਬੁਖਾਰ<br>• ਫਲੂ ਵਾਂਗ ਮਹਿਸੂਸ ਹੋਣਾ, ਤਾਕਤ ਦੀ ਘਾਟ<br>• ਨਾਲੀ ਵਾਲੀ ਥਾਂ ਤੇ ਲਾਲੀ, ਸੋਜ ਅਤੇ/ਜਾਂ ਪੀਕ ਪੈਣਾ | **ਇਨਫੈਕਸ਼ਨ** | • ਨਰਸ ਜਾਂ ਡਾਕਟਰ ਨੂੰ ਦੱਸੋ: ਐਂਟੀਬਾਇਐਟਿਕਸ ਜਾਂ ਕੋਈ ਹੋਰ ਇਲਾਜ ਆਰਡਰ ਕੀਤਾ ਜਾ ਸਕਦਾ ਹੈ | • ਨਾਲੀ ਦੀ ਕੋਈ ਵੀ ਸੰਭਾਲ ਕਰਨ ਤੋਂ ਪਹਿਲਾਂ ਆਪਣੇ ਹੱਥ ਧੋਵੋ<br>• ਜੋੜਾਂ ਅਤੇ ਰੋਗਾਣੂ-ਰਹਿਤ ਕੀਤੇ ਪੋਆਇੰਟਾਂ ਤੋਂ ਆਪਣੀਆਂ ਉਂਗਲਾਂ ਦੂਰ ਰੱਖ ਕੇ ਨੋ ਟੱਚ ਟਕਨੀਕ ਵਰਤੋ<br>• ਇਹ ਕਾਰਜ ਹਵਾਦਾਰ ਪਰ ਗੰਦਗੀ ਮੁਕਤ ਥਾਂ ਤੇ ਕਰੋ<br>• ਸਿਰਫ ਸੀਲਬੰਦ ਅਤੇ ਰੋਗਾਣੂ-ਰਹਿਤ ਚੀਜ਼ਾਂ ਹੀ ਵਰਤੋ<br>• ਸਪਲਾਈ ਨੂੰ ਇਸ ਦੀ ਮਿਆਦ ਮੁੱਕਣ ਤੋਂ ਬਾਅਦ ਨਾ ਵਰਤੋ<br>• ਸਪਲਾਈ ਨੂੰ ਸਾਫ ਅਤੇ ਸੁੱਕਾ ਰੱਖੋ |

| ਤੁਸੀਂ ਕੀ ਦੇਖੋਗੇ ਜਾਂ ਮਹਿਸੂਸ ਕਰੋਗੇ | ਸਮੱਸਿਆ | ਕੀ ਕਰਨਾ ਹੈ | ਇਸ ਤੋਂ ਕਿਵੇਂ ਬਚਣਾ ਹੈ |
|---|---|---|---|
| • ਢੱਕਣ ਜਾਂ ਤਾਂ ਢਿੱਲਾ ਹੋਵੇਗਾ ਜਾਂ ਲਿੱਥਾ ਹੋਵੇਗਾ | **ਢੱਕਣ ਢਿੱਲਾ ਜਾਂ ਲਿੱਥਾ ਹੈ** | • ਇਹ ਪੱਕਾ ਕਰੋ ਕਿ ਨਾਲੀ ਤੇ ਕਲੈਂਪ ਲੱਗਾ ਹੈ<br>• ਢੱਕਣ ਬਦਲੋ ਅਤੇ ਨਾਲੀ ਨੂੰ ਸਾਫ ਕਰੋ | • ਨਾਲੀ ਨੂੰ ਹਮੇਸ਼ਾਂ ਕੱਪੜਿਆਂ ਜਾਂ ਚਮੜੀ ਤੇ ਸੁਰੱਖਿਅਤ ਰੱਖੋ<br>• ਨਾਲੀ ਨੂੰ ਝਟਕਾ ਲੱਗਣ ਜਾਂ ਖਿੱਚਣ ਤੋਂ ਪਰਹੇਜ਼ ਕਰੋ |
| • ਆਮ ਪਰੈਸ਼ਰ ਨਾਲ ਸਾਫ ਨਹੀਂ ਹੋਵੇਗੀ | **ਨਾਲੀ ਬੰਦ ਹੈ** | • **ਜ਼ਿਆਦਾ ਪਰੈਸ਼ਰ ਨਾ ਪਾਓ।**<br>• ਇਹ ਪੱਕਾ ਕਰੋ ਕਿ ਨਾਲੀ ਨੂੰ ਸਾਫ ਕਰਨ ਵੇਲੇ ਇਸ ਤੇ ਕਲੈਂਪ ਨਹੀਂ ਲੱਗਾ ਹੋਇਆ ਹੈ<br>• ਨਰਸ ਜਾਂ ਡਾਕਟਰ ਨੂੰ ਦੱਸੋ<br>• ਨਾਲੀ ਨੂੰ ਖੋਲ੍ਹਣ ਦੀ ਲੋੜ ਪਵੇਗੀ | • ਆਪਣੀ ਨਰਸ ਦੇ ਦੱਸੇ ਮੁਤਾਬਕ ਨਾਲੀ ਨੂੰ ਫਲੱਸ਼ ਕਰਨ ਵਾਲੇ ਘੋਲ ਨਾਲ ਸਾਫ ਕਰੋ। |

| ਤੁਸੀਂ ਕੀ ਦੇਖੋਗੇ ਜਾਂ ਮਹਿਸੂਸ ਕਰੋਗੇ | ਸਮੱਸਿਆ | ਕੀ ਕਰਨਾ ਹੈ | ਇਸ ਤੋਂ ਕਿਵੇਂ ਬਚਣਾ ਹੈ |
|---|---|---|---|
| • ਨਾਲੀ ਲੀਕ ਕਰ ਰਹੀ ਹੈ | **ਨਾਲੀ ਪਾਟੀ ਹੋਈ ਹੈ** | • **ਨਾਲੀ ਤੇ ਫੌਰਨ ਕਲੈਂਪ ਲਾ ਦਿਉ**<br>• ਲੀਕ ਜਾਂ ਟੁੱਟੀ ਹੋਈ ਥਾਂ ਤੋਂ ਉਪਰ ਨਾਲੀ ਤੇ ਕਲੈਂਪ ਲਾਉ। (ਖਾਕਾ 5 ਦੇਖੋ)<br>• ਟੁੱਟੀ ਹੋਈ ਥਾਂ ਨੂੰ ਰੋਗਾਣੂ-ਰਹਿਤ ਪੱਟੀ ਨਾਲ ਲਪੇਟੋ ਅਤੇ ਟੇਪ ਨਾਲ ਪੱਕਾ ਕਰੋ<br>• ਨਰਸ ਜਾਂ ਡਾਕਟਰ ਨੂੰ ਦੱਸੋ<br>• ਨਾਲੀ ਨੂੰ ਰਿਪੇਅਰ ਕਰਨ ਦੀ ਲੋੜ ਪਵੇਗੀ | • ਕਲੈਂਪ ਸਿਰਫ ਨਾਲੀ ਦੇ ਜੋੜ ਤੇ ਹੀ ਲਾਉ<br>• ਕਲੈਂਪ ਲੱਗਣ ਵਾਲੀ ਥਾਂ ਨੂੰ ਬਦਲੋ<br>• ਨਾਲੀ ਦੇ ਨੇੜੇ ਕਦੇ ਵੀ ਕੈਂਚੀ ਦੀ ਵਰਤੋਂ ਨਾ ਕਰੋ<br>• ਨਾਲੀ ਨੂੰ ਸਾਫ ਕਰਨ ਲਈ ਕਦੇ ਵੀ ਜ਼ਿਆਦਾ ਜ਼ੋਰ ਨਾ ਵਰਤੋ<br>• ਨਾਲੀ ਵਿਚ ਸੂਈ ਨਾ ਲਾਉ<br>• ਹਰ ਵੇਲੇ ਆਪਣੇ ਕੋਲ ਇਕ ਵਾਧੂ ਕਲੈਂਪ ਰੱਖੋ ਜਿਹੜਾ ਕਿ ਕਲੈਂਪ ਦੇ ਟੁੱਟ ਜਾਣ ਦੀ ਸੂਰਤ ਵਿਚ ਵਰਤਿਆ ਜਾ ਸਕੇ |




**ਖਾਕਾ** 5

| ਤੁਸੀਂ ਕੀ ਦੇਖੋਗੇ ਜਾਂ ਮਹਿਸੂਸ ਕਰੋਗੇ | ਸਮੱਸਿਆ | ਕੀ ਕਰਨਾ ਹੈ | ਇਸ ਤੋਂ ਕਿਵੇਂ ਬਚਣਾ ਹੈ |
|---|---|---|---|
| • ਤੁਹਾਨੂੰ ਸਾਹ ਚੜ੍ਹ ਸਕਦਾ ਹੈ ਜਾਂ ਛਾਤੀ ਵਿਚ ਦਰਦ ਹੋ ਸਕਦੀ ਹੈ | **ਨਾਲੀ ਵਿਚ ਹਵਾ ਹੋਣਾ** | • ਇਹ ਇਕ **ਐਮਰਜੰਸੀ** ਹੈ<br>• ਲੀਕ ਜਾਂ ਟੁੱਟੀ ਥਾਂ ਤੋਂ ਉਪਰ ਫੌਰਨ ਨਾਲੀ ਤੇ **ਕਲੈਂਪ** ਲਾ ਦਿਉ<br>• ਸ਼ੱਕ ਕਰੋ ਕਿ ਨਾਲੀ ਦਾ ਨੁਕਸਾਨ ਹੋਇਆ ਹੈ<br>• ਆਪਣੇ ਖੱਬੇ ਪਾਸੇ ਲੰਮੇ ਪੈ ਜਾਉ<br>• ਨਰਸ ਜਾਂ ਡਾਕਟਰ ਨੂੰ ਦੱਸੋ<br>• ਜੇ ਤੁਸੀਂ ਬੀਮਾਰ ਮਹਿਸੂਸ ਕਰ ਰਹੇ ਹੋ ਤਾਂ ਐਂਬੂਲੈਂਸ ਨੂੰ ਫੋਨ ਕਰੋ ਅਤੇ ਆਪਣੇ ਨੇੜੇ ਦੇ ਐਮਰਜੰਸੀ ਡੀਪਾਰਟਮੈਂਟ ਵਿਚ ਜਾਉ | • ਢੱਕਣ ਲਾਹੁਣ ਤੋਂ ਪਹਿਲਾਂ ਹਮੇਸ਼ਾਂ ਨਾਲੀ ਤੇ ਕਲੈਂਪ ਲਾਉ<br>• ਹਰ ਵੇਲੇ ਆਪਣੇ ਕੋਲ ਇਕ ਵਾਧੂ ਕਲੈਂਪ ਰੱਖੋ ਜਿਹੜਾ ਕਿ ਕਲੈਂਪ ਦੇ ਟੁੱਟ ਜਾਣ ਦੀ ਸੂਰਤ ਵਿਚ ਵਰਤਿਆ ਜਾ ਸਕੇ |

| ਤੁਸੀਂ ਕੀ ਦੇਖੋਗੇ ਜਾਂ ਮਹਿਸੂਸ ਕਰੋਗੇ | ਸਮੱਸਿਆ | ਕੀ ਕਰਨਾ ਹੈ | ਇਸ ਤੋਂ ਕਿਵੇਂ ਬਚਣਾ ਹੈ |
|---|---|---|---|
| • ਤੁਹਾਨੂੰ ਸਾਹ ਚੜ੍ਹ ਸਕਦਾ ਹੈ ਜਾਂ ਛਾਤੀ ਵਿਚ ਦਰਦ ਹੋ ਸਕਦੀ ਹੈ, ਚੱਕਰ ਆ ਸਕਦਾ ਹੈ ਜਾਂ ਘਬਰਾਹਟ ਹੋ ਸਕਦੀ ਹੈ | **ਥਰੋਮਬੋ ਇਮਬੋਲਿਜ਼ਮ**<br>(ਨਾਲੀ ਦੇ ਅੰਦਰਲੇ ਪਾਸੇ ਖੂਨ ਦੇ ਗਤਲੇ ਦਾ ਟੁੱਟਣਾ) | • ਇਹ ਇਕ **ਐਮਰਜੰਸੀ** ਹੈ<br>• ਆਪਣੇ ਖੱਬੇ ਪਾਸੇ ਲੰਮੇ ਪੈ ਜਾਓ<br>• ਨਰਸ ਜਾਂ ਡਾਕਟਰ ਨੂੰ ਦੱਸੋ<br>• ਜੇ ਤੁਸੀਂ ਬੀਮਾਰ ਮਹਿਸੂਸ ਕਰ ਰਹੇ ਹੋ ਤਾਂ ਐਂਬੂਲੈਂਸ ਨੂੰ ਫੋਨ ਕਰੋ ਅਤੇ ਆਪਣੇ ਨੇੜੇ ਦੇ ਐਮਰਜੰਸੀ ਡੀਪਾਰਟਮੈਂਟ ਵਿਚ ਜਾਓ | • ਨਾਲੀ ਨੂੰ ਸਾਫ ਕਰਨ ਲਈ ਤਾਕਤ ਨਾ ਵਰਤੋ<br>• ਆਪਣੀ ਨਰਸ ਦੇ ਦੱਸੇ ਮੁਤਾਬਕ ਨਾਲੀ ਨੂੰ ਫਲੱਸ਼ ਕਰਨ ਵਾਲੇ ਘੋਲ ਨਾਲ ਸਾਫ ਕਰੋ |

| ਤੁਸੀਂ ਕੀ ਦੇਖੋਗੇ ਜਾਂ ਮਹਿਸੂਸ ਕਰੋਗੇ | ਸਮੱਸਿਆ | ਕੀ ਕਰਨਾ ਹੈ | ਇਸ ਤੋਂ ਕਿਵੇਂ ਬਚਣਾ ਹੈ |
|---|---|---|---|
| • ਨਾਲੀ ਕੁਝ ਹੱਦ ਤੱਕ ਜਾਂ ਪੂਰੀ ਤਰ੍ਹਾਂ ਨਿਕਲੀ ਹੋਈ ਹੈ<br>• ਨਾਲੀ ਆਮ ਨਾਲੋਂ ਜ਼ਿਆਦਾ ਬਾਹਰ ਹੈ<br>• ਨਾਲੀ ਨੂੰ ਸਾਫ ਕਰਨ ਵੇਲੇ ਬੇਆਰਾਮੀ ਹੁੰਦੀ ਹੈ | **ਨਾਲੀ ਅਚਨਚੇਤ ਨਿਕਲ ਗਈ ਹੈ** | • ਚੀਰੇ ਵਾਲੀ ਥਾਂ ਤੇ 5 ਮਿੰਟਾਂ ਲਈ ਦਬਾਅ ਪਾਉ ਜਾਂ ਖੂਨ ਵਗਣਾ ਰੁਕਣ ਤੱਕ ਪਾਉ (ਹੇਠਾਂ ਖਾਕਾ 6 ਦੇਖੋ)<br>• ਬਾਹਰ ਨਿਕਲਣ ਵਾਲੀ ਥਾਂ (ਬੀ) ਤੇ ਰੋਗਾਣੂ-ਰਹਿਤ ਪੱਟੀ ਲਾਉ ਜਿਵੇਂ ਹੇਠਾਂ ਖਾਕਾ 6 ਵਿਚ ਦਿਖਾਇਆ ਗਿਆ ਹੈ<br>• ਨਰਸ ਜਾਂ ਡਾਕਟਰ ਨੂੰ ਦੱਸੋ | • ਨਾਲੀ ਨੂੰ ਹਮੇਸ਼ਾਂ ਕੱਪੜਿਆਂ ਜਾਂ ਚਮੜੀ ਤੇ ਸੁਰੱਖਿਅਤ ਰੱਖੋ<br>• ਨਾਲੀ ਨੂੰ ਝਟਕਾ ਲੱਗਣ ਜਾਂ ਖਿੱਚਣ ਤੋਂ ਪਰਹੇਜ਼ ਕਰੋ |




**ਖਾਕਾ** 6

# ਹੋਰ ਮਰੀਜ਼ਾਂ ਵਲੋਂ ਪੁੱਛੇ ਗਏ ਕੁਝ ਆਮ ਸਵਾਲ

## • ਕੀ ਮੈਂ ਨਹਾ ਜਾਂ ਤਰ ਸਕਦਾ/ਸਕਦੀ ਹਾਂ?

ਇਹ ਸਵਾਲ ਆਪਣੀ ਨਰਸ ਜਾਂ ਡਾਕਟਰ ਤੋਂ ਪੁੱਛਣਾ ਬਿਹਤਰ ਹੈ। ਇਸ ਦਾ ਜਵਾਬ ਤੁਹਾਡੀ ਆਮ ਸਿਹਤ ਅਤੇ ਇਨਫੈਕਸ਼ਨ ਦੇ ਆਮ ਖਤਰੇ ਤੇ ਨਿਰਭਰ ਕਰੇਗਾ। ਇਹ ਜਵਾਬ ਇਸ ਚੀਜ਼ ਤੇ ਵੀ ਨਿਰਭਰ ਕਰੇਗਾ ਕਿ ਤੁਹਾਡੀ ਨਾਲੀ ਕਦੋਂ ਦੀ ਪਈ ਹੋਈ ਹੈ।

## • ਜੇ ਮੈਂ ਸਮੇਂ ਸਿਰ ਸਾਫ (ਫਲੱਸ਼) ਕਰਨਾ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਚੇਤਾ ਆਉਣ ਤੋਂ ਬਾਅਦ ਜਿੰਨਾ ਵੀ ਛੇਤੀ ਹੋ ਸਕੇ ਸਾਫ ਕਰਨੀ ਚਾਹੀਦੀ ਹੈ। ਨਾਲੀ ਨੂੰ ਸਾਫ ਕਰਨ ਲਈ ਕਦੇ ਵੀ ਜ਼ੋਰ ਦੀ ਵਰਤੋਂ ਨਾ ਕਰੋ, ਖਾਸ ਤੌਰ ਤੇ ਉਦੋਂ ਜਦੋਂ ਇਸ ਨੂੰ ਸਾਫ ਕੀਤੀ ਨੂੰ ਕੁਝ ਸਮਾਂ ਹੋ ਗਿਆ ਹੁੰਦਾ ਹੈ। ਜੇ ਤੁਹਾਨੂੰ ਸਾਫ ਕਰਨ ਵਿਚ ਕੋਈ ਮੁਸ਼ਕਲ ਆਵੇ ਤਾਂ ਫੌਰਨ ਆਪਣੀ ਨਰਸ ਜਾਂ ਡਾਕਟਰ ਨੂੰ ਦੱਸੋ।

## • ਜੇ ਖ਼ੂਨ ਨਾਲੀ ਵਿਚ ਪਿੱਛੇ ਤੱਕ ਆ ਜਾਵੇ ਤਾਂ ਕੀ ਕੋਈ ਚੀਜ਼ ਗਲਤ ਹੈ?

ਜੇ ਤੁਸੀਂ ਸਾਫ ਢੱਕਣ ਵਰਤ ਰਹੇ ਹੋ ਤਾਂ ਤੁਹਾਨੂੰ ਢੱਕਣ ਵਿਚ ਖ਼ੂਨ ਦਿਖਾਈ ਦੇ ਸਕਦਾ ਹੈ। ਇਸ ਨਾਲ ਤੁਹਾਡਾ ਨੁਕਸਾਨ ਨਹੀਂ ਹੋਵੇਗਾ, ਪਰ ਇਹ ਬੈਕਟੀਰੀਏ ਦੇ ਵਾਧੇ ਦਾ ਕਾਰਨ ਬਣ ਸਕਦਾ ਹੈ ਅਤੇ ਇਨਫੈਕਸ਼ਨ ਜਾਂ ਗਤਲਾ ਬਣਨ ਦਾ ਖਤਰਾ ਵਧਾ ਸਕਦਾ ਹੈ। ਖ਼ੂਨ ਨਾਲੀ ਵਿਚ ਪਿੱਛੇ ਤੱਕ ਆਮ ਤੌਰ ਤੇ ਤਾਂ ਹੀ ਆਉਂਦਾ ਹੈ ਜਦੋਂ ਅੰਦਰੂਨੀ ਪਰੈਸ਼ਰ ਵਧ ਜਾਵੇ ਜਿਹੜਾ ਕਿ ਸਰੀਰਕ ਹਿਲਜੁੱਲ ਕਰਨ ਜਾਂ ਝੁਕਣ ਨਾਲ ਪੈਦਾ ਹੁੰਦਾ ਹੈ। ਜੇ ਖ਼ੂਨ ਦਿਖਾਈ ਦੇਵੇ ਤਾਂ ਸਾਫ ਕਰਨ ਵਾਲੇ ਘੋਲ ਨਾਲ ਜਿੰਨਾ ਵੀ ਛੇਤੀ ਹੋ ਸਕੇ ਸਾਫ (ਫਲੱਸ਼) ਕਰੋ। ਨਾਲੀ ਵਿਚ ਖ਼ੂਨ ਪਿੱਛੇ ਆਉਣ ਤੋਂ ਰੋਕਣ ਲਈ, ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਨਾਲੀ ਨੂੰ ਵਰਤੋਂ ਵਿਚ ਨਾ ਹੋਣ ਦੌਰਾਨ ਹਰ ਵੇਲੇ ਕਲੈਂਪ (ਸ਼ਿਕੰਜਾ) ਲਾ ਕੇ ਰੱਖੋ।

## • ਜੇ ਮੇਰੀ ਸਪਲਾਈ ਮੁੱਕ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਉਸ ਫਾਰਮੇਸੀ ਜਾਂ ਆਊਟਪੇਸ਼ੈਂਟ ਕਲਿਨਿਕ ਨੂੰ ਫੋਨ ਕਰੋ ਜਿਹੜੇ ਤੁਹਾਨੂੰ ਉਹ ਚੀਜ਼ਾਂ ਸਪਲਾਈ ਕਰ ਰਹੇ ਹਨ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ। ਤੁਹਾਨੂੰ ਹਮੇਸ਼ਾਂ ਵਾਧੂ ਸਪਲਾਈ ਕੋਲ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਇਹ ਮੁੱਕਣ ਨਾ।

## • ਜੇ ਮੇਰਾ ਕਲੈਂਪ ਟੁੱਟ ਜਾਵੇ ਤਾਂ ਮੈਂ ਕੀ ਕਰਾਂ?

ਤੁਸੀਂ ਇਕ ਖਾਸ ਕਲੈਂਪ ਨਾਲੀ ਦੀ ਜੁੜੀ ਹੋਈ ਥਾਂ ਤੇ ਵਰਤ ਸਕਦੇ ਹੋ (ਖਾਕਾ 7 ਦੇਖੋ)। ਇਹ ਕਲੈਂਪ ਆਮ ਤੌਰ ਤੇ ਤੁਹਾਡੇ ਹਸਪਤਾਲ ਰਹਿਣ ਦੌਰਾਨ ਦਿੱਤੇ ਜਾਂਦੇ ਹਨ। ਜੇ ਤੁਹਾਡੇ ਕੋਲ ਖਾਸ ਕਲੈਂਪ ਨਹੀਂ ਹੈ ਤਾਂ ਤੁਸੀਂ ਆਰਜ਼ੀ ਤੌਰ ਤੇ ਉਪਾ ਕਰਨ ਲਈ ਨਾਲੀ ਨੂੰ ਅੱਧ ਵਿਚੋਂ ਮੋੜ ਸਕਦੇ ਹੋ ਅਤੇ ਇਸ ਦੇ ਦੁਆਲੇ ਰਬੜ ਬੈਂਡ ਚਾੜ੍ਹ ਸਕਦੇ ਹੋ। ਜਿੰਨਾ ਵੀ ਛੇਤੀ ਹੋ ਸਕੇ ਨਾਲੀ ਲਈ ਕਲੈਂਪ ਲੈਣਾ ਚਾਹੀਦਾ ਹੈ। ਕਿਰਪਾ ਕਰਕੇ ਇਸ ਚੀਜ਼ ਦਾ ਧਿਆਨ ਰੱਖੋ ਕਿ ਨਾਲੀ ਦਾ ਨੁਕਸਾਨ ਨਾ ਹੋਵੇ




**ਖਾਕਾ** 7

## • ਕੀ ਨਾਲੀ ਨਾਲ ਮੇਰੀ ਸੈਕਸ ਜ਼ਿੰਦਗੀ ਤੇ ਕੋਈ ਅਸਰ ਪਵੇਗਾ?

ਨਾਲੀ ਲੱਗੀ ਹੋਣ ਨਾਲ ਤੁਹਾਡਾ ਆਪਣੇ ਪਾਰਟਨਰ ਨਾਲ ਨੇੜਤਾ ਤੇ ਕੋਈ ਅਸਰ ਨਹੀਂ ਪਵੇਗਾ। ਕਿਰਪਾ ਕਰਕੇ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰਨ ਤੋਂ ਨਾ ਝਿਜਕੋ।

## • ਜੇ ਮੇਰੀ ਚਮੜੀ ਸਾਫ ਕਰਨ ਵਾਲੇ ਘੋਲ ਜਾਂ ਟੇਪ ਤੋਂ ਸੰਵੇਦਨਸ਼ੀਲ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਹੋਰ ਘੋਲ ਅਤੇ ਟੇਪਾਂ ਮੌਜੂਦ ਹਨ ਜਿਹੜੇ ਵਰਤੇ ਜਾ ਸਕਦੇ ਹਨ। ਨਾਲੀ ਬਾਹਰ ਨਿਕਲਣ ਵਾਲੀ ਥਾਂ ਦੇ ਨੇੜੇ ਚਮੜੀ ਦੀ ਕਿਸੇ ਵੀ ਸਮੱਸਿਆ ਬਾਰੇ ਸਚੇਤ ਰਹਿਣ ਦੀ ਲੋੜ ਹੈ ਕਿਉਂਕਿ ਜੇ ਚਮੜੀ ਤੇ ਜਲਣ ਪੈਦਾ ਹੋ ਜਾਵੇ ਤਾਂ ਇਨਫੈਕਸ਼ਨ ਦਾ ਖਤਰਾ ਵਧ ਜਾਂਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

## • ਕੀ ਕਿਸੇ ਹੋਰ ਨੂੰ ਮੇਰੀ ਨਾਲੀ ਦੀ ਸੰਭਾਲ ਕਰਨੀ ਸਿੱਖਣੀ ਚਾਹੀਦੀ ਹੈ?

ਤੁਹਾਡੀ ਨਾਲੀ ਦੀ ਸੰਭਾਲ ਕਰਨ ਲਈ ਕਿਸੇ ਹੋਰ ਵਿਅਕਤੀ ਦਾ ਟਰੇਂਡ ਹੋਣਾ ਜ਼ਰੂਰੀ ਹੈ। ਲੋੜ ਪੈਣ ਤੇ ਇਹ ਵਿਅਕਤੀ ਤੁਹਾਡੀ ਮਦਦ ਕਰ ਸਕਦਾ ਹੈ। ਸੱਭ ਤੋਂ ਮਹੱਤਵਪੂਰਨ ਚੀਜ਼ ਤਾਂ ਇਹ ਹੈ ਕਿ ਕੋਈ ਹੋਰ ਇਹ ਜਾਣਦਾ ਹੈ ਕਿ ਕਿਸੇ ਐਮਰਜੰਸੀ ਵਿਚ ਕੀ ਕਰਨਾ ਹੈ।

## • ਮੈਂ ਇਹ ਸੁਣਿਆ ਹੈ ਕਿ ਕੁਝ ਕੈਮੀਕਲ ਨਾਲੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਕੀ ਇਹ ਸੱਚ ਹੈ?

ਇਹ ਜ਼ਰੂਰੀ ਹੈ ਕਿ ਆਪਣੀ ਕਿੱਟ ਵਿਚਲੀ ਸਪਲਾਈ ਤੋਂ ਬਿਨਾਂ ਕੋਈ ਵੀ ਹੋਰ ਚੀਜ਼ ਨਾਲੀ ਤੇ ਨਾ ਵਰਤੀ ਜਾਵੇ। ਨਹੁੰ ਪਾਲਸ਼ ਲਾਹੁਣ ਵਾਲੀਆਂ ਚੀਜ਼ਾਂ ਅਤੇ ਟੇਪ ਲਾਹੁਣ ਵਾਲੀਆਂ ਚੀਜ਼ਾਂ ਖਾਸ ਤੌਰ ਤੇ ਖਤਰਨਾਕ ਹਨ ਅਤੇ ਇਨ੍ਹਾਂ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਜਾਣੀ ਚਾਹੀਦੀ।

## • ਨਾਲੀ ਕਿੰਨਾ ਚਿਰ ਲੱਗੀ ਰਹਿ ਸਕਦੀ ਹੈ?

ਨਾਲੀ ਲੰਮੇ ਸਮੇਂ ਲਈ ਲੱਗੀ ਰਹਿਣ ਲਈ ਤਿਆਰ ਕੀਤੀ ਗਈ ਹੁੰਦੀ ਹੈ। ਹਰ ਮਰੀਜ਼ ਦੀ ਹਾਲਤ ਵੱਖਰੀ ਹੈ। ਜਵਾਬ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਹਾਨੂੰ ਇਸ ਦੀ ਕਿੰਨਾ ਸਮਾਂ ਲੋੜ ਹੈ, ਤੁਹਾਡੀ ਆਮ ਸਿਹਤ ਕਿਸ ਤਰ੍ਹਾਂ ਹੈ, ਅਤੇ ਇਸ ਦੀ ਕਿੰਨੀ ਸੰਭਾਲ ਕੀਤੀ ਗਈ ਹੈ ਅਤੇ ਕਿੰਨਾ ਧਿਆਨ ਦਿੱਤਾ ਗਿਆ ਹੈ। ਜਿੰਨੀ ਜ਼ਿਆਦਾ ਤੁਸੀਂ ਨਾਲੀ ਦੀ ਸੰਭਾਲ ਕਰੋਗੇ, ਉਤਨਾ ਜ਼ਿਆਦਾ ਹੀ ਇਹ ਬਿਨਾਂ ਕਿਸੇ ਸਮੱਸਿਆ ਦੇ ਕੰਮ ਕਰੇਗੀ।

## ਤੁਹਾਡੀ ਨਰਸ ਜਾਂ ਡਾਕਟਰ ਵਲੋਂ ਦਿੱਤੇ ਗਏ ਵਿਚਾਰ ਅਤੇ/ਜਾਂ ਦੱਸੀਆਂ ਗਈਆਂ ਤਬਦੀਲੀਆਂ:

________________________________________

________________________________________

________________________________________

________________________________________

________________________________________

________________________________________

________________________________________

________________________________________

________________________________________

________________________________________

________________________________________

________________________________________

# ਸ਼ਬਦਾਵਲੀ

**ਐਂਟੀਬਾਇਐਟਿਕਸ** - ਇਨਫੈਕਸ਼ਨ ਦਾ ਇਲਾਜ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ।

**ਕਥੀਟਰ** - ਇਕ ਖਾਲੀ, ਲਚਕੀਲੀ ਟਿਊਬ ਜਿਹੜੀ ਕਿ ਸਰੀਰ ਦੀ ਕਿਸੇ ਨਾੜ ਵਿਚ ਕੋਈ ਤਰਲ ਕੱਢਣ ਜਾਂ ਦੇਣ ਲਈ ਚਾੜ੍ਹੀ ਜਾਂਦੀ ਹੈ।

**ਡੈਕਰੋਨ ਕੱਫ** - ਛਾਤੀ ਤੇ ਨਾਲੀ ਨੂੰ ਜੋੜੀ ਰੱਖਦੀ ਹੈ।

**ਇਮਬੋਲਸ** - ਕੋਈ ਬਾਹਰੀ ਵਸਤ, ਹਵਾ, ਜਾਂ ਟਿਸ਼ੂ ਦਾ ਕੁਝ ਹਿੱਸਾ ਜਿਹੜਾ ਖ਼ੂਨ ਦੀ ਧਾਰਾ ਵਿਚ ਉਦੋਂ ਤੱਕ ਘੁੰਮਦਾ ਰਹਿੰਦਾ ਹੈ ਜਦ ਤੱਕ ਇਹ ਨਾੜ ਵਿਚ ਟਿਕ ਨਹੀਂ ਜਾਂਦਾ।

**ਇੰਟਰੈਂਸ ਸਾਈਟ** - ਜਿੱਥੇ ਧੌਣ ਵਿਚਲੀ ਨਾੜੀ ਵਿਚ ਨਾਲੀ ਦਾਖਲ ਹੁੰਦੀ ਹੈ।

**ਇਗਜ਼ਿਟ ਸਾਈਟ** - ਜਿੱਥੇ ਨਾਲੀ ਛਾਤੀ ਦੇ ਹੇਠਲੇ ਪਾਸੇ ਨਿਕਲਦੀ ਹੈ।

**ਫਲੱਸ਼ਿੰਗ ਸੋਲੂਸ਼ਨ** - ਰੋਗਾਣੂ-ਰਹਿਤ ਤਰਲ ਜਿਹੜਾ ਕਿ ਨਾਲੀ ਨੂੰ ਬੰਦ ਹੋਣ ਤੋਂ ਰੋਕਣ ਲਈ ਨਾਲੀ ਵਿਚ ਨੇਮ ਨਾਲ ਪਾਇਆ ਜਾਂਦਾ ਹੈ।

**ਇਨਸਿਜ਼ਨ** - ਕਿਸੇ ਤੇਜ਼ ਯੰਤਰ ਨਾਲ ਦਿੱਤਾ ਗਿਆ ਚੀਰਾ।

**ਲੂਮਨ** - ਨਾਲੀ ਵਿਚਲਾ ਇਕ ਰਾਹ। ਰਾਹਾਂ ਵਾਲੀਆਂ ਨਾਲੀਆਂ ਵਿਚ ਇਕ, ਦੋ, ਜਾਂ ਤਿੰਨ ਰਾਹ ਹੋ ਸਕਦੇ ਹਨ।

**ਨੋ ਟੱਚ ਟਕਨੀਕ** - ਜੋੜਾਂ ਅਤੇ ਰੋਗਾਣੂ-ਰਹਿਤ ਕੀਤੇ ਪੋਆਇੰਟਾਂ ਤੋਂ ਉਂਗਲਾਂ ਨੂੰ ਦੂਰ ਰੱਖਣਾ।

**ਸਟੇਰਾਇਲ** - ਜਰਾਸੀਮਾਂ ਤੋਂ ਮੁਕਤ।

**ਥਰੋਮਬੋਇਮਬੋਲਿਜ਼ਮ** - ਜਦੋਂ ਕੋਈ ਖ਼ੂਨ ਦੀ ਨਾੜੀ, ਖ਼ੂਨ ਦੀ ਧਾਰਾ ਵਿਚਲੇ ਕਿਸੇ ਗਤਲੇ ਕਾਰਨ ਰੁੱਕ ਜਾਂਦੀ ਹੈ।

For more copies, email **phem@vch.ca**
and quote Catalogue No. **FA.200.SE481.PU**
© Vancouver Coastal Health, June 2004

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋਂ ਦਿੱਤੀ ਗਈ ਹੈ।

www.vch.ca